# ਨਵੇਂ ਜੰਮੇ ਬੱਚੇ ਦੀ ਜਾਂਚ:
# ਇੱਕ ਨਰੋਈ ਸ਼ੁਰੂਆਤ ਨਾਲ ਮਿਲਦੀ ਹੈ ਸਿਹਤਮੰਦ ਜ਼ਿੰਦਗੀ

ਜੂਨ, 2009

## ਬਿਹਤਰੀਨ ਸ਼ੁਰੂਆਤ ਲਈ

ਤੁਸੀਂ ਹਾਲ ਵਿੱਚ ਹੀ ਮਾਤਾ-ਪਿਤਾ ਬਣੇ ਹੋ ਜਾਂ ਬਣਨ ਵਾਲੇ ਹੋ, ਤੁਹਾਡੇ ਬੱਚੇ ਦੀ ਸਿਹਤ ਤੁਹਾਡੇ ਲਈ ਅਹਿਮ ਹੈ। ਤੁਹਾਡੇ ਬੱਚੇ ਦੇ ਜੀਵਨ ਦੀ ਬਿਹਤਰੀਨ ਸ਼ੁਰੂਆਤ ਲਈ ਅਤੇ ਉਸਦੇ ਸਿਹਤਮੰਦ ਰਹਿਣ ਵਿੱਚ ਮਦਦ ਲਈ, ਤੁਹਾਡੇ ਨਵੇਂ ਜੰਮੇ ਬੱਚੇ - ਅਤੇ ਓਂਟਾਰੀਓ ਵਿੱਚਲੇ ਹਰ ਇੱਕ ਨਵੇਂ ਜੰਮੇ ਬੱਚੇ ਦੀ - ਘੱਟੋ-ਘੱਟ 28 ਵੱਖ ਵੱਖ ਵਿਕਾਰਾਂ ਲਈ ਜਾਂਚ ਕੀਤੀ ਜਾਏਗੀ। ਹਾਲਾਂਕਿ ਇਹਨਾਂ ਵਿਕਾਰਾਂ ਵਾਲੇ ਜ਼ਿਆਦਾਤਰ ਬੱਚੇ ਜਨਮ ਵੇਲੇ ਸਿਹਤਮੰਦ ਲੱਗਦੇ ਹਨ, ਪਰ ਜੇ ਉਹਨਾਂ ਦੇ ਵਿਕਾਰ ਦੀ ਪਛਾਣ ਨਾ ਕੀਤੀ ਜਾਏ ਅਤੇ ਉਸਦਾ ਇਲਾਜ ਨਾ ਕੀਤਾ ਜਾਏ, ਤਾਂ ਉਹ ਸਿਹਤ ਸਬੰਧੀ ਗੰਭੀਰ ਸਮਸਿਆਵਾਂ - ਵਧਣ-ਫੁੱਲਣ ਸਬੰਧੀ ਵਿਕਾਰ, ਵਾਰ ਵਾਰ ਹੋਣ ਵਾਲੀਆਂ ਬਿਮਾਰੀਆਂ ਅਤੇ ਇਥੋਂ ਤੱਕ ਕਿ ਮੌਤ ਦੇ - ਜੋਖਮ ਵਿੱਚ ਪੈ ਸਕਦੇ ਹਨ। ਸ਼ੁਰੂਆਤੀ ਪੜਾਅ ਵਿੱਚ ਹੀ ਵਿਕਾਰ ਦੀ ਪਛਾਣ ਕਰ ਲੈਣ ਨਾਲ ਤੁਹਾਡੇ ਬੱਚੇ ਦੀ ਜ਼ਿੰਦਗੀ ਬਚ ਸਕਦੀ ਹੈ ਅਤੇ ਇਹ ਅਸਰਦਾਰ ਇਲਾਜ ਦੀ ਕੁੰਜੀ ਹੋ ਸਕਦਾ ਹੈ।

## ਸ਼ੁਰੂਆਤੀ ਪੜਾਅ ਵਿੱਚ ਪਤਾ ਲੱਗਣ ਨਾਲ ਸ਼ੁਰੂ ਵਿੱਚ ਹੀ ਇਲਾਜ ਹੋ ਜਾਂਦਾ ਹੈ

ਅਲੱਗ ਅਲੱਗ ਤੌਰ 'ਤੇ, ਇਹ ਵਿਕਾਰ ਬਹੁਤ ਘੱਟ ਹੁੰਦੇ ਹਨ। ਇੱਕ ਸਮੂਹ ਵਜੋਂ, ਇਹ ਓਂਟਾਰੀਓ ਵਿੱਚ ਹਰ ਸਾਲ ਪੈਦਾ ਹੋਣ ਵਾਲੇ ਲਗਭਗ 1,40,000 ਬੱਚਿਆ ਵਿੱਚੋਂ 150 'ਤੇ ਅਸਰ ਪਾਉਣਗੇ। ਭਾਵੇਂ ਤੁਹਾਡੇ ਪਰਿਵਾਰ ਵਿੱਚ ਪਹਿਲਾਂ ਇਹ ਵਿਕਾਰ ਨਾ ਹੋਏ ਹੋਣ - ਪਰ ਤੁਹਾਡਾ ਬੱਚਾ ਫਿਰ ਵੀ ਜੋਖਮ ਵਿੱਚ ਹੈ। ਨਵੇਂ ਜੰਮੇ ਬੱਚਿਆਂ ਦੇ ਸ਼ੁਰੂਆਤੀ ਦਿਨਾਂ ਵਿੱਚ ਉਹਨਾਂ ਦੀ ਜਾਂਚ ਕਰਕੇ, ਵਿਕਾਰਾਂ ਦਾ ਛੇਤੀ ਇਲਾਜ ਕੀਤਾ ਜਾ ਸਕਦਾ ਹੈ, ਜਿਸ ਨਾਲ ਬਾਅਦ ਵਿੱਚ ਜ਼ਿੰਦਗੀ ਵਿੱਚ ਗੰਭੀਰ ਸਿਹਤ ਸਮਸਿਆਵਾਂ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ।

ਇਹ ਪਰਚਾ ਤੁਹਾਨੂੰ ਓਂਟਾਰੀਓ ਦੇ ਨਵੇਂ ਜੰਮੇ ਬੱਚੇ ਦੀ ਜਾਂਚ ਸਬੰਧੀ ਪ੍ਰੋਗਰਾਮ [Ontario Newborn Screening Program (ONSP)] ਬਾਰੇ ਜਾਣਕਾਰੀ ਦਏਗਾ ਅਤੇ ਨਵੇਂ ਜੰਮੇ ਬੱਚੇ ਦੀ ਜਾਂਚ ਬਾਰੇ ਤੁਹਾਡੇ ਸੁਆਲਾਂ ਦੇ ਜਵਾਬ ਦਏਗਾ।

## ਇੱਕ ਛੋਟਾ ਟੈਸਟ, ਪਰ ਬਹੁਤ ਹੀ ਫ਼ਾਇਦੇਮੰਦ

ਜਾਂਚ ਸਬੰਧੀ ਟੈਸਟ, ਤੁਹਾਡੇ ਬੱਚੇ ਦੀ ਅੱਡੀ ਵਿੱਚ ਸੂਈ ਚੁਭੋ ਕੇ ਖ਼ੂਨ ਦਾ ਥੋੜ੍ਹਾ ਜਿਹਾ ਨਮੂਨਾ ਲਿਆ ਜਾਂਦਾ ਹੈ। ਖ਼ੂਨ ਦਾ ਇਹ ਨਮੂਨਾ, ਇੱਕ ਵਿਸ਼ੇਸ਼ ਕਾਗਜ਼ ਦੇ ਕਾਰਡ 'ਤੇ ਲਿਆ ਜਾਂਦਾ ਹੈ ਅਤੇ ਫਿਰ ਜਾਂਚ ਲਈ ONSP ਨੂੰ ਭੇਜ ਦਿੱਤਾ ਜਾਂਦਾ ਹੈ। ਤੁਹਾਨੂੰ ਇੱਕ ਜਾਣਕਾਰੀ ਪੱਤਰ ਦਿੱਤਾ ਜਾਏਗਾ, ਜਿਸਦੇ ਉਪਰ ਸੱਜੇ ਪਾਸੇ ਇੱਕ ਹਵਾਲਾ ਨੰਬਰ ਦਿੱਤਾ ਹੁੰਦਾ ਹੈ। ਇਹ ਨੰਬਰ ਤੁਹਾਡੇ ਬੱਚੇ ਦੇ ਨਮੂਨੇ ਬਾਰੇ ਵਰਤਿਆ ਜਾ ਸਕਦਾ ਹੈ। ਖ਼ੂਨ ਦਾ ਨਮੂਨਾ, ਤੁਹਾਡੇ ਬੱਚੇ ਦੇ ਪੈਦਾ ਹੋਣ ਦੇ ਇੱਕ ਦਿਨ (24 ਘੰਟੇ) ਬਾਅਦ ਤੋਂ ਲੈਕੇ ਸੱਤ ਦਿਨਾਂ ਦੇ ਵਿੱਚਕਾਰ ਕਦੀ ਵੀ ਲਿਆ ਜਾ ਸਕਦਾ ਹੈ। ਖ਼ੂਨ ਦਾ ਨਮੂਨਾ ਲੈਣ ਦਾ ਸਭ ਤੋਂ ਵਧੀਆ ਸਮਾਂ ਉਹ ਹੈ, ਜਦੋਂ ਤੁਹਾਡਾ ਬੱਚਾ ਦੋ ਦਿਨ (48 ਘੰਟੇ) ਤੋਂ ਲੈਕੇ ਤਿੰਨ ਦਿਨ (72 ਘੰਟੇ) ਦਾ ਹੋਵੇ। ਜੇ ਤੁਹਾਡੇ ਬੱਚੇ ਦੀ ਜਾਂਚ ਉਸਦੇ ਇੱਕ ਦਿਨ (24 ਘੰਟੇ) ਦਾ ਹੋਣ ਤੋਂ ਪਹਿਲਾਂ ਹੋਈ ਹੈ, ਤਾਂ ਸਿਹਤ ਸੰਭਾਲ ਉਪਲਬਧ ਕਰਨ ਵਾਲੇ ਨੂੰ ਪੰਜ ਦਿਨਾਂ ਦੇ ਅੰਦਰ ਅੰਦਰ, ਬੱਚੇ ਦੇ ਪਹਿਲੇ ਚੈਕ-ਅਪ 'ਤੇ ਦੁਬਾਰਾ ਜਾਂਚ ਕਰਨੀ ਚਾਹੀਦੀ ਹੈ।

## ਜਾਂਚ ਦੇ ਨਤੀਜੇ: ਜ਼ਿਆਦਾ ਜੋਖਮ ਅਤੇ ਘੱਟ ਜੋਖਮ

ਜਾਂਚ ਸਬੰਧੀ ਟੈਸਟ ਸਿਰਫ਼ ਇਹ ਦਰਸਾਉਂਦੇ ਹਨ ਕਿ ਤੁਹਾਡੇ ਬੱਚੇ ਨੂੰ ਵਿਕਾਰ ਹੋਣ ਦਾ ਜੋਖਮ ਜ਼ਿਆਦਾ ਹੈ ਜਾਂ ਘੱਟ। ਇਹ ਜਾਣਨਾ ਮਹਤਵਪੂਰਣ ਹੈ ਕਿ ਇਹ ਜਾਂਚ ਵਿਕਾਰ ਦਾ ਰੋਗ-ਨਿਦਾਨ ਨਹੀਂ ਕਰਦੀ, ਬਲਕਿ ਸਿਰਫ਼ ਉਹਨਾਂ ਬੱਚਿਆਂ ਦੀ ਪਛਾਣ ਕਰਦੀ ਹੈ, ਜਿਹਨਾਂ ਨੂੰ ਅੱਗੋਂ ਦੀ ਜਾਂਚ ਲਈ ਭੇਜੇ ਜਾਣ ਦੀ ਲੋੜ ਹੈ। ਲੈਬੋਰੇਟਰੀ ਨੂੰ ਤੁਹਾਡੇ ਬੱਚੇ ਦਾ ਖ਼ੂਨ ਦਾ ਨਮੂਨਾ ਮਿਲਣ ਅਤੇ ਵਿਸ਼ਲੇਸ਼ਣ ਕਰਨ ਤੋਂ ਬਾਅਦ, ਹੇਠਾਂ ਦਿੱਤਿਆਂ ਵਿੱਚੋਂ ਇੱਕ ਗੱਲ ਹੋਏਗੀ:

1. ਸਾਰੇ ਵਿਕਾਰਾਂ ਪ੍ਰਤੀ ਤੁਹਾਡੇ ਬੱਚੇ ਦੀ ਜਾਂਚ ਨੈਗੇਟਿਵ ਹੈ। ਹਸਪਤਾਲ ਅਤੇ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ ਨੂੰ ਇੱਕ ਰਿਪੋਰਟ ਭੇਜੀ ਜਾਏਗੀ, ਜਿਹਨਾਂ ਨੇ ਤੁਹਾਡੇ ਬੱਚੇ ਦੇ ਖ਼ੂਨ ਦੇ ਨਮੂਨੇ ਭੇਜੇ ਸਨ। ਇਸ ਨੂੰ ਤੁਹਾਡੇ ਬੱਚੇ ਦੇ ਡਾਕਟਰੀ ਰਿਕਾਰਡ ਵਿੱਚ ਭਰਿਆ ਜਾਏਗਾ। 99 ਫ਼ੀਸਦ ਤੋਂ ਵੱਧ ਬੱਚਿਆਂ ਦੀ ਜਾਂਚ ਦੇ ਨਤੀਜੇ ''ਨੈਗੇਟਿਵ ਜਾਂਚ'' ਆਉਣਗੇ। ਇਸਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਇਹਨਾਂ ਅਸਾਧਾਰਣ ਵਿਕਾਰਾਂ ਵਿੱਚੋਂ ਇੱਕ ਦਾ ਬਹੁਤ ਘੱਟ ਜੋਖਮ ਹੈ। ਬਹੁਤ ਹੀ ਘੱਟ ਮੌਕਿਆਂ 'ਤੇ, ਨਵੇਂ ਜੰਮੇ ਦੇ ਜਾਂਚ ਸਬੰਧੀ ਟੈਸਟ ਵਿੱਚ ਇਹਨਾਂ ਵਿਕਾਰਾਂ ਵਿੱਚੋਂ ਇੱਕ ਦੇ ਹੋਣ ਦਾ ਪਤਾ ਨਹੀਂ ਚਲ ਸਕਦਾ।

2. ਲੈਬੋਰੇਟਰੀ ਨੂੰ ਖ਼ੂਨ ਦੇ ਇੱਕ ਹੋਰ ਨਮੂਨੇ ਦੀ ਲੋੜ ਪੈ ਸਕਦੀ ਹੈ। ਹੋ ਸਕਦਾ ਹੈ ਕਿ ਪਹਿਲਾ ਨਮੂਨਾ ਠੀਕ ਢੰਗ ਨਾਲ ਨਾ ਲਿਆ ਗਿਆ ਹੋਵੇ, ਜਾਂਚ ਕਰਨ ਲਈ ਢੁਕਵਾਂ ਖ਼ੂਨ ਨਾ ਹੋਵੇ, ਜਾਂ ਨਮੂਨੇ ਦੇ ਨਾਲ ਕੋਈ ਹੋਰ ਸਮਸਿਆ ਹੋਵੇ। ਇਸ ਮਾਮਲੇ ਵਿੱਚ, ONSP, ਹਸਪਤਾਲ ਜਾਂ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ ਨਾਲ ਸੰਪਰਕ ਕਰੇਗਾ, ਜਿਸਨੇ ਨਮੂਨਾ ਭੇਜਿਆ ਸੀ ਅਤੇ ਉਹਨਾਂ ਤੋਂ ਨਵਾਂ ਨਮੂਨਾ ਮੰਗੇਗਾ। ਤੁਹਾਨੂੰ ਸਿਹਤ ਸੰਭਾਲ ਉਪਲਬਧ ਕਰਨ ਵਾਲਾ,

Punjabi Catalogue # 011495 Revised February2009 © Queen's Printer for Ontario

ਤੁਹਾਨੂੰ ਫ਼ੋਨ ਕਰੇਗਾ ਕਿ ਤੁਹਾਡੇ ਬੱਚੇ ਦਾ ਦੁਬਾਰਾ ਟੈਸਟ ਕਰਨ ਦੀ ਲੋੜ ਹੈ ਅਤੇ ਉਹ ਛੇਤੀ ਤੋਂ ਛੇਤੀ ਖ਼ੂਨ ਦਾ ਇੱਕ ਹੋਰ ਨਮੂਨਾ ਲੈਣ ਦਾ ਪ੍ਰਬੰਧ ਕਰੇਗਾ।

3. ਇਹਨਾਂ ਸਥਿਤੀਆਂ ਵਿੱਚੋਂ ਇੱਕ ਲਈ ਤੁਹਾਡੇ ਬੱਚੇ ਦੀ ਜਾਂਚ ਪਾੱਜ਼ੀਟਿਵ ਹੈ। ਜਾਂਚ ਦੇ ਪਾੱਜ਼ੀਟਿਵ ਹੋਣ ਦਾ **ਜ਼ਰੂਰੀ ਤੌਰ 'ਤੇ ਇਹ ਮਤਲਬ ਨਹੀਂ ਹੈ** ਕਿ ਤੁਹਾਡੇ ਬੱਚੇ ਨੂੰ ਕੋਈ ਵਿਕਾਰ ਹੈ; ਫਿਰ ਵੀ, ਇਸਦਾ ਮਤਲਬ ਇਹ ਹੈ ਕਿ ਤੁਹਾਡੇ ਬੱਚੇ ਨੂੰ ਵਿਕਾਰ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ONSP ਦਾ ਕੋਈ ਡਾੱਕਟਰ, ਜੈਨੇਟਿਕ ਸਲਾਹਕਾਰ ਜਾਂ ਨਰਸ, ਤੁਹਾਨੂੰ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ ਨਾਲ ਜਾਂ ਸਿੱਧਿਆਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ ਅਤੇ ONSP ਡਾੱਕਟਰ ਇਹ ਜਾਣਨ ਲਈ ਕਿ ਕੀ ਤੁਹਾਡੇ ਬੱਚੇ ਨੂੰ ਵਿਕਾਰ ਹੈ, ਤੁਹਾਡੇ ਬੱਚੇ ਨੂੰ ਇਲਾਕਾਈ ਇਲਾਜ ਕੇਂਦਰ ਦੇ ਡਾੱਕਟਰਾਂ ਕੋਲ ਅੱਗੋਂ ਦੇ ਰੋਗ-ਨਿਦਾਨ ਲਈ ਲਿਜਾਣ ਦਾ ਹਵਾਲਾ ਦੇ ਸਕਦੇ ਹਨ। ਕੁਝ ਮਾਮਲਿਆਂ ਵਿੱਚ, ONSP ਦੇ ਸਿਹਤ ਸੰਭਾਲ ਉਪਲਬਧ ਕਰਨ ਵਾਲੇ ਜਾਂਚ ਦਾ ਪ੍ਰਬੰਧ ਕਰਨ ਲਈ ਸਿੱਧਿਆਂ ਸਥਾਨਕ ਸਿਹਤ ਸੰਭਾਲ ਉਪਲਬਧ ਕਰਨ ਵਾਲਿਆਂ ਅਤੇ ਪਰਿਵਾਰਾਂ ਨਾਲ ਪ੍ਰਬੰਧ ਕਰਦੇ ਹਨ। ਜੇ ਤੁਹਾਡੇ ਬੱਚੇ ਵਿੱਚਲੇ ਵਿਕਾਰ ਦਾ ਰੋਗ-ਨਿਦਾਨ ਹੋ ਜਾਂਦਾ ਹੈ, ਤਾਂ ਤੁਹਾਡੇ ਬੱਚੇ ਦਾ ਇਲਾਜ ਕੀਤਾ ਜਾਏਗਾ ਅਤੇ ਤੁਹਾਡੇ ਪਰਿਵਾਰ ਨੂੰ ਸਲਾਹਕਾਰੀ ਅਤੇ ਸਲਾਹ ਦਿੱਤੀ ਜਾਏਗੀ।

ਇਲਾਜ ਕੇਂਦਰ ਦੇ ਡਾੱਕਟਰ, ਤੁਹਾਡੇ ਬੱਚੇ ਬਾਰੇ ਅੱਗੋਂ ਦੀ ਕਾਰਵਾਈ ਦੀ ਜਾਣਕਾਰੀ ONSP ਦੇ ਡਾੱਕਟਰਾਂ ਨੂੰ ਦੇਣਗੇ। ਇਸ ਵਿੱਚ ਡਾੱਕਟਰੀ ਜਾਣਕਾਰੀ, ਕਿਹੜੇ ਟੈਸਟ ਕੀਤੇ ਗਏ ਸਨ, ਉਹਨਾਂ ਟੈਸਟਾਂ ਦੇ ਨਤੀਜੇ ਅਤੇ ਕਿ ਤੁਹਾਡੇ ਬੱਚੇ ਵਿੱਚ ਵਿਕਾਰ ਹਨ ਜਾਂ ਨਹੀਂ, ਬਾਰੇ ਜਾਣਕਾਰੀ ਸ਼ਾਮਿਲ ਹੁੰਦੀ ਹੈ। ਇਸ ਫ਼ੀਡਬੈਕ ਨਾਲ ONSP ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਬੱਚੇ ਦੀ ਢੁਕਵੀਂ ਅਤੇ ਸਮੇਂ ਸਿਰ ਸੰਭਾਲ ਹੋਵੇ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਵੀ ਮਦਦ ਮਿਲਦੀ ਹੈ ਕਿ ONSP ਤੁਹਾਡੇ ਬੱਚੇ ਨੂੰ, ਅਤੇ ਓਂਟਾਰੀਓ ਵਿੱਚ ਪੈਦਾ ਹੋਣ ਵਾਲੇ ਸਾਰੇ ਬੱਚਿਆਂ ਨੂੰ ਕੁਆਲਿਟੀ ਵਾਲੀ ਸੇਵਾ ਦੇਣ ਵਿੱਚ ਸਮਰੱਥ ਹੈ। ONSP ਦੇ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ, ਇਸ ਜਾਣਕਾਰੀ ਦਾ ਜਾਇਜ਼ਾ ਲੈਣਗੇ ਅਤੇ ਤੁਹਾਡੇ ਬੱਚੇ ਦੀ ਸੰਭਾਲ ਬਾਰੇ ਕੋਈ ਸੁਆਲ ਹੋਏ, ਤਾਂ ਉਹ ਤੁਹਾਡੇ ਨਾਲ, ਤੁਹਾਨੂੰ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ ਜਾਂ ਇਲਾਕਾਈ ਇਲਾਜ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ। ਅਜਿਹੀ ਸਥਿਤੀ ਵਿੱਚ, ਤੁਸੀਂ ਇਸ ਜਾਣਕਾਰੀ ਨੂੰ ਸਾਂਝਾ ਨਾ ਕਰਨ ਦਾ ਵਿਕਲਪ ਵੀ ਚੁਣ ਸਕਦੇ ਹੋ, ਇਸ ਬਾਰੇ ਕਿਰਪਾ ਕਰਕੇ ਤੁਹਾਨੂੰ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ, ਆਪਣੇ ਇਲਾਜ ਕੇਂਦਰ ਦੇ ਸਿਹਤ ਸੰਭਾਲ ਟੀਮ ਦੇ ਮੈਂਬਰ ਨਾਲ ਗੱਲਬਾਤ ਕਰੋ, ਅਤੇ/ਜਾਂ ONSP ਨਾਲ ਸੰਪਰਕ ਕਰੋ।

ONSP, ਉਸ ਹਸਪਤਾਲ ਜਾਂ ਸਿਹਤ ਸੰਭਾਲ ਉਪਲਬਧ ਕਰਾਉਣ ਵਾਲੇ ਨੂੰ ਵੀ ਡਾਕ ਰਾਹੀਂ ਰਿਪੋਰਟ ਭੇਜਦਾ ਹੈ, ਜਿਹਨਾਂ ਨੇ ਤੁਹਾਡੇ ਬੱਚੇ ਦਾ ਨਮੂਨਾ ਭੇਜਿਆ ਸੀ, ਜਿਸਨੂੰ ਤੁਹਾਡੇ ਬੱਚੇ ਦੇ ਡਾੱਕਟਰੀ ਰਿਕਾੱਰਡ ਵਿੱਚ ਰੱਖਿਆ ਜਾਏਗਾ। ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਜਿਹਨਾਂ ਬੱਚਿਆਂ ਦਾ ਟੈਸਟ ਕੀਤਾ ਗਿਆ ਸੀ, ਉਹਨਾਂ ਵਿੱਚੋਂ 1 ਫ਼ੀਸਦ ਤੋਂ ਵੀ ਘੱਟ ਵਿੱਚ ''ਪਾੱਜ਼ੀਟਿਵ ਜਾਂਚ'' ਨਤੀਜੇ ਆਉਣਗੇ।

## ਕੀ ਪਤਾ ਲਾਉਣ ਲਈ ਟੈਸਟ ਕੀਤੇ ਜਾਂਦੇ ਹਨ?

ONSP ਵਲੋਂ ਇਹ ਜਾਂਚ ਘੱਟ ਤੋਂ ਘੱਟ 28 ਵਿਕਾਰਾਂ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ, ਜੋ ਨਵੇਂ ਜੰਮੇ ਬੱਚਿਆਂ ਅਤੇ ਬੱਚਿਆਂ ਵਿੱਚ ਸਿਹਤ ਸਬੰਧੀ ਸਮਸਿਆਵਾਂ ਪੈਦਾ ਕਰ ਸਕਦੇ ਹਨ।

**ਇਹਨਾਂ ਵਿਕਾਰਾਂ ਵਿੱਚ ਸ਼ਾਮਿਲ ਹਨ:**

**ਪਾਚਨ-ਪ੍ਰਣਾਲੀ ਸਬੰਧੀ ਵਿਕਾਰ:** ਜਦੋਂ ਸਰੀਰ ਭੋਜਨ ਦੇ ਕੁਝ ਤੱਤਾਂ ਜਿਵੇਂ ਚਿਕਨਾਈ, ਪ੍ਰੋਟੀਨ ਜਾਂ ਮਿੱਠੇ ਨੂੰ ਤੋੜਣ (ਪਚਾਉਣ) ਦੇ ਸਮਰੱਥ ਨਹੀਂ ਹੁੰਦਾ, ਤਾਂ ਇਹ ਸਰੀਰ ਵਿੱਚ ਜਮ੍ਹਾ ਹੋ ਸਕਦੇ ਹਨ ਅਤੇ ਸਿਹਤ ਸਬੰਧੀ ਗੰਭੀਰ ਸਮਸਿਆਵਾਂ ਪੈਦਾ ਕਰ ਸਕਦੇ ਹਨ।

**ਅੰਤਰ-ਨਿਕਾਸੀ ਵਿਕਾਰ:** ਅੰਤਰ-ਨਿਕਾਸੀ ਪ੍ਰਬੰਧ, ਜੋ ਕਿ ਹਾਰਮੋਨ ਤਿਆਰ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ, ਕਦੀ-ਕਦਾਈਂ ਕੁਝ ਹਾਰਮੋਨਾਂ ਨੂੰ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਤਿਆਰ ਕਰਦਾ ਹੈ, ਜਿਸ ਕਰਕੇ ਬਿਮਾਰੀ ਜਾਂ ਵਿਕਾਸ ਸਬੰਧੀ ਕਮੀਆਂ ਹੋ ਜਾਂਦੀਆਂ ਹਨ।

**ਖ਼ੂਨ ਸਬੰਧੀ ਵਿਕਾਰ:** ਖ਼ੂਨ ਦੇ ਲਾਲ ਸੈਲਾਂ ਵਿੱਚ ਮਿਲਣ ਵਾਲੇ ਹੀਮੋਗਲੋਬਿਨ ਵਿੱਚ ਸਰੀਰ ਵਲੋਂ ਆੱਕਸੀਜਨ ਪਹੁੰਚਾਈ ਜਾਂਦੀ ਹੈ। ਜੇ ਹੀਮੋਗਲੋਬਿਨ ਨਹੀਂ ਬਣ ਰਿਹਾ ਜਾਂ ਸਹੀ ਤਰ੍ਹਾਂ ਕੰਮ ਨਹੀਂ ਕਰ ਰਿਹਾ, ਤਾਂ ਖ਼ੂਨ ਵਿੱਚਲੇ ਲਾਲ ਸੈਲ ਟੁੱਟ ਜਾਣਗੇ, ਜਿਸ ਕਰਕੇ ਖ਼ੂਨ ਦੀ ਗੰਭੀਰ ਕਮੀ ਅਤੇ ਗੰਭੀਰ ਲਾਗ ਸਮੇਤ ਸਿਹਤ ਸਬੰਧੀ ਸਮਸਿਆਵਾਂ ਹੋ ਜਾਂਦੀਆਂ ਹਨ।

**ਸਿਸਟਿਕ ਫ਼ਾਈਬਰੋਸਿਸ:** ਅਜਿਹੀ ਸਥਿਤੀ, ਜੋ ਫੇਫੜਿਆਂ, ਪਾਚਣ-ਪ੍ਰਣਾਲੀ ਅਤੇ ਹੋਰ ਅੰਗਾਂ ਵਿੱਚ ਲੇਸ ਬਣਨ ਦਾ ਕਾਰਣ ਹੁੰਦੀ ਹੈ।

## ONSP ਕੀ ਹੈ?

ਨਵਜੰਮੇ ਬੱਚਿਆਂ ਬਾਰੇ ਓਂਟਾਰੀਓ ਦਾ ਸਕ੍ਰੀਨਿੰਗ ਪ੍ਰੋਗਰਾਮ (ONSP), ਓਂਟਾਰੀਓ ਦੀ ਸਿਹਤ ਅਤੇ ਲੰਮੀ ਮਿਆਦ ਦੀ ਸੰਭਾਲ ਦੀ ਨਿਗਰਾਨੀ ਹੇਠ ਈਸਟਰਨ ਓਂਟਾਰੀਓ ਦੇ ਬੱਚਿਆਂ ਦੇ ਹਸਪਤਾਲ (CHEO) ਵਲੋਂ ਚਲਾਇਆ ਜਾਂਦਾ ਹੈ। ONSP ਪੂਰੇ ਸੂਬੇ ਵਿੱਚ ਨਵਜੰਮੇ ਬੱਚਿਆਂ ਲਈ ਸਭ ਤੋਂ ਵਧੀਆ ਸੰਭਵ ਸਕ੍ਰੀਨਿੰਗ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇੰਜ ਕਰਨ ਲਈ ਸਾਨੂੰ ਬੱਚਿਆਂ ਤੋਂ ਥੋੜ੍ਹਾ ਜਿਹਾ ਖ਼ੂਨ ਦਾ ਨਮੂਨਾ ਲੈਣ ਅਤੇ ਵਰਤੋਂ ਕਰਨ ਦੇ ਨਾਲ ਨਾਲ ਉਹਨਾਂ ਅਤੇ ਉਹਨਾਂ ਦੇ ਪਰਿਵਾਰ ਬਾਰੇ ਕੁਝ ਜਾਣਕਾਰੀ ਦੀ ਲੋੜ ਹੈ। ONSP ਤੁਹਾਡੀ ਸਿਹਤ ਜਾਣਕਾਰੀ ਨੂੰ ਸੁਰੱਖਿਅਤ ਅਤੇ ਗੁਪਤ ਰੱਖਣ ਲਈ ਵਚਨਬੱਧ ਹੈ, ਅਤੇ ਤੁਹਾਡੀ ਦੇਖਭਾਲ, ਵਿਸ਼ਲੇਸ਼ਣ ਅਤੇ ਖੋਜ ਲਈ ਉਸ ਜਾਣਕਾਰੀ ਦੀ ਵਰਤੋਂ ਅਤੇ ਉਸ ਜਾਣਕਾਰੀ ਦੀ ਵਰਤੋਂ ਅਤੇ ਉਸ ਜਾਣਕਾਰੀ ਦੇ ਸੀਮਤ ਪ੍ਰਗਟਾਵੇ ਲਈ ਤੈਅਸ਼ੁਦਾ ਨੇਮਾਂ ਦੀ ਪਾਲਣਾ ਕਰਦਾ ਹੈ।

## ਹੋਰ ਜਾਣਨਾ ਚਾਹੁੰਦੇ ਹੋ?

ਨਵਜੰਮੇ ਬੱਚਿਆਂ ਬਾਰੇ ਓਂਟਾਰੀਓ ਦਾ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਆਪਣੇ ਡਾੱਕਟਰ ਜਾਂ ਦਾਈ ਨਾਲ ਗੱਲ ਕਰੋ। ਹੋਰ ਵੇਰਵਿਆਂ ਲਈ, ਕਿਰਪਾ ਕਰਕੇ www.newbornscreening.on.ca 'ਤੇ ONSP ਦੀ ਵੈਬਸਾਈਟ 'ਤੇ ਜਾਓ ਜਾਂ 1-866-532-3161 (TTY1-800-387-5559) 'ਤੇ ਫ਼ੋਨ ਕਰੋ।